# ਮਨਪ੍ਰੀਤ ਬਾਦਲ ਜਾਂ ਪ੍ਰਵਾਰ ਵਲੋਂ ਬਠਿੰਡਾ ਤੋਂ ਲੋਕ ਸਭਾ ਚੋਣ ਨਾ ਲੜਨ ਦਾ ਐਲਾਨ



## ■ ਪੰਜਾਬ ਦੇ ਵਿੱਤੀ ਸੰਕਟ ਬਾਰੇ ਅਗੱਸਤ ਤਕ ਪੱਕੀ ਖ਼ੁਸ਼ਖ਼ਬਰੀ ਦੀ ਆਸ

## ■ ਬਜਟ ਸਿਆਸੀ ਬਿਆਨਾਂ ਦੀ ਨਹੀਂ ਅੰਕੜਿਆਂ ਦੀ ਖੇਡ

12 ਫ਼ਰਵਰੀ ਨੂੰ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਸ਼ੁਰੂ ਹੋਣ ਜਾ ਰਿਹਾ ਹੈ, 18 ਫ਼ਰਵਰੀ ਨੂੰ ਬਜਟ ਪੇਸ਼ ਕੀਤਾ ਜਾਵੇਗਾ। ਇਸ ਬਜਟ ਵਿਚ ਕੀ ਖ਼ਾਸ ਰਹੇਗਾ ਅਤੇ ਪੰਜਾਬ ਦੇ ਵਿੱਤੀ ਹਾਲਾਤ ਕਿਹੋ ਜਿਹੇ ਨੇ ਇਸ ਬਾਰੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਰੋਜ਼ਾਨਾ ਸਪੋਕਸਮੈਨ ਦੇ ਮੈਨੇਜਿੰਗ ਐਡੀਟਰ ਨਿਮਰਤ ਕੌਰ ਨਾਲ ਖ਼ਾਸ ਗੱਲਬਾਤ ਦੇ ਮੁੱਖ ਅੰਸ਼ ਇਸ ਤਰ੍ਹਾਂ ਹਨ।

**ਸਵਾਲ : ਆਉਣ ਵਾਲਾ ਬਜਟ ਅੰਤਰਿਮ ਹੋਵੇਗਾ ਜਾਂ ਪੂਰਾ ਬਜਟ ?**

**ਜਵਾਬ :** ਪੰਜਾਬ ਦਾ ਪੇਸ਼ ਕੀਤਾ ਜਾਣ ਵਾਲਾ ਬਜਟ ਅੰਤਰਿਮ ਨਹੀਂ ਸਗੋਂ ਪੂਰਾ ਬਜਟ ਹੋਵੇਗਾ। ਇਹ ਕੋਈ ਛੋਟਾ ਬਜਟ ਨਹੀਂ ਪੂਰੇ ਸਾਲ ਦਾ ਬਜਟ ਹੋਵੇਗਾ। ਅੰਤਰਿਮ ਬਜਟ ਤਾਂ ਕੇਂਦਰ ਸਰਕਾਰ ਨੇ ਵੀ ਨਹੀਂ ਪੇਸ਼ ਕੀਤਾ। ਇਤਿਹਾਸ ਗਵਾਹ ਹੈ ਕਿ ਕੋਈ ਵੀ ਆਊਟਗੋਇੰਗ ਸਰਕਾਰ ਹਮੇਸ਼ਾਂ ਤਿੰਨ ਮਹੀਨੇ ਦਾ ਅੰਤਰਿਮ ਬਜਟ ਪੇਸ਼ ਕਰ ਕੇ ਹੀ ਜਾਂਦੀ ਹੈ। ਇਹ ਸਾਡਾ ਤੀਸਰਾ ਅਤੇ ਪੂਰਾ ਬਜਟ ਹੋਵੇਗਾ।

**ਸਵਾਲ : ਕੀ ਪੰਜਾਬ ਦੇ ਖ਼ਜ਼ਾਨੇ ਵਿਚ ਕੋਈ ਸੁਧਾਰ ਹੋਵੇਗਾ ?**

**ਜਵਾਬ :** ਸਰਕਾਰ ਬਣਨ ਵੇਲੇ ਹਾਲਾਤ ਬਹੁਤ ਵਖਰੇ ਸਨ। ਪਿਛਲੀ ਸਰਕਾਰ ਨੇ ਮਾਲ ਦੇ ਜਿੰਨੇ ਵੀ ਸਰੋਤ ਸਨ, ਉਨ੍ਹਾਂ ਨੇ ਅਗਲੇ ਪੰਜ ਸਾਲਾਂ ਦੇ ਰੈਵੇਨਿਊ ਬੈਂਕਾਂ ਕੋਲ ਗਿਰਵੀ ਰੱਖ ਦਿਤੇ। ਹੁਣ ਪਿਛਲੇ 20 ਮਹੀਨਿਆਂ ਵਿਚ ਆਰਥਿਕ ਮਜ਼ਬੂਤੀ ਆਈ ਹੈ। ਤਨਖ਼ਾਹਾਂ ਤੇ ਪੈਨਸ਼ਨਾਂ ਦੀਆਂ ਮੁਸ਼ਕਲਾਂ ਵੀ ਦੂਰ ਹੋ ਜਾਣਗੀਆਂ।

**ਸਵਾਲ : ਮੁਲਾਜ਼ਮਾਂ ਦੇ ਰੁਕੇ ਹੋਏ ਡੀਏ ਦਾ ਕੀ ਹੱਲ ਹੈ ?**

**ਜਵਾਬ :** ਅਗਲੇ ਕੁੱਝ ਦਿਨਾਂ ਵਿਚ ਇਸ ਦਾ ਵੀ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਰ ਦਿਤਾ ਜਾਵੇਗਾ। ਪੰਜਾਬ ਸਰਕਾਰ ਦੀ ਸਥਿਤੀ ਛੇਤੀ ਹੀ ਇਸ ਹਾਲਤ ਵਿਚ ਹੋਵੇਗੀ ਕਿ ਮੁਲਾਜ਼ਮਾਂ ਦੇ ਸ਼ਿਕਵੇ ਦੂਰ ਕੀਤੇ ਜਾ ਸਕਣਗੇ।



ਰੋਜ਼ਾਨਾ ਸਪੋਕਸਮੈਨ ਦੇ ਮੈਨੇਜਿੰਗ ਐਡੀਟਰ ਨਿਮਰਤ ਕੌਰ ਨਾਲ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ।

**ਸਵਾਲ : ਖ਼ਜ਼ਾਨੇ ਨੂੰ ਭਰਨ ਦੀ ਕੀ ਰਣਨੀਤੀ ਹੈ।**

**ਜਵਾਬ :** ਇਸ ਵਿਚ ਦੋ ਸਾਲ ਹੋਰ ਲੱਗਣਗੇ। ਪਿਛਲੀ ਸਰਕਾਰ ਵਲੋਂ ਲਏ ਗਏ 15 ਹਜ਼ਾਰ ਕਰੋੜ ਦੇ ਗੈਪ ਨੂੰ ਪੂਰਾ ਕਰਨਾ ਔਖਾ ਹੈ। ਪਿਛਲੀ ਸਰਕਾਰ ਦੇ ਲਗਭਗ 7-8 ਹਜ਼ਾਰ ਕਰੋੜ ਦੇ ਬਿੱਲ ਵੀ ਪੈਂਡਿੰਗ ਸਨ। ਉਨ੍ਹਾਂ ਦੀ ਵੀ ਭਰਪਾਈ ਕੀਤੀ ਗਈ ਹੈ। ਇਸ ਲਈ ਬਹੁਤ ਮਿਹਨਤ ਕਰਨੀ ਪਵੇਗੀ। ਦੇਸ਼ ਬੱਝਣੇ ਬਹੁਤ ਔਖੇ ਹਨ। 15ਵੀਂ ਫ਼ਾਇਨਾਂਸ ਕਮਿਸ਼ਨ ਦਾ ਕੰਮ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਵਿਚਕਾਰ ਕਿ ਸਾਲਸ ਵਰਗਾ ਹੁੰਦਾ ਹੈ। 42 ਫ਼ੀ ਸਦੀ ਟੈਕਸ ਰਾਜਾਂ ਦਾ ਹਿੱਸਾ ਅਤੇ 58 ਫ਼ੀ ਸਦੀ ਕੇਂਦਰ ਦਾ ਹਿੱਸਾ ਹੈ। 42 ਫ਼ੀ ਸਦੀ ਟੈਕਸਾਂ ਦਾ ਫ਼ੈਸਲਾ ਕਮਿਸ਼ਨ ਦੇ ਹੱਥ ਵਿਚ ਹੈ। ਫ਼ਾਇਨਾਂਸ ਕਮਿਸ਼ਨ ਨੇ 6 ਹਫ਼ਤਿਆਂ ਦਾ ਸਮਾਂ ਦਿਤਾ। ਰਮੇਸ਼ ਚੰਦ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਹੈ। ਇਕ ਤਿਹਾਈ ਪੰਜਾਬ ਸਰਕਾਰ, ਇਕ ਤਿਹਾਈ ਕੇਂਦਰ ਸਰਕਾਰ ਅਤੇ ਇਕ ਤਿਹਾਈ ਬੈਂਕ ਲੈਣ ਤਾਂ ਹੀ ਇਸ ਕਰਜ਼ ਦਾ ਹੱਲ ਹੋ ਸਕਦਾ ਹੈ।

**ਸਵਾਲ : ਬਜਟ ਤੋਂ ਪੰਜਾਬ ਨੂੰ ਕੀ ਆਸ ਹੈ**

**ਜਵਾਬ :** ਕਾਂਗਰਸ ਸਰਕਾਰ ਪੰਜਾਬ ਨੂੰ ਕਿਸੇ ਦਿਸ਼ਾ ਵਲ ਲੈ ਕੇ ਜਾਣਾ ਚਾਹੁੰਦੀ ਹੈ। ਪੰਜਾਬ ਵਿਚ ਆਰਥਿਕ ਮਜ਼ਬੂਤੀ ਲਿਆਉਣਾ ਬਜਟ ਦਾ ਮੁੱਖ ਮਕਸਦ ਹੋਵੇਗਾ। ਅਜਿਹਾ ਨਹੀਂ ਕਿ ਚੋਣਾਂ ਨੂੰ ਮੁੱਖ ਰਖਦੇ ਹੋਏ ਹੀ ਸੱਭ ਕੀਤਾ ਜਾਵੇਗਾ। ਬੱਚਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਮੁੱਖ ਮਕਸਦ ਹੋਵੇਗਾ ਅਤੇ ਪਿਛਲੇ 45 ਸਾਲਾਂ ਵਿਚ ਬੇਰੁਜ਼ਗਾਰੀ ਸੱਭ ਤੋਂ ਵੱਧ ਗਈ ਹੈ ਤੇ ਪੰਜਾਬ ਸਰਕਾਰ ਦਾ ਵੀ ਇਸ ਵਲ ਧਿਆਨ ਹੈ।

**ਸਵਾਲ : ਕਿਸਾਨਾਂ ਲਈ ਸਰਕਾਰ ਕੀ ਕਰ ਰਹੀ ਹੈ ?**

**ਜਵਾਬ :** ਕੇਂਦਰ ਵਿਚ ਬੈਠੀ ਸਰਕਾਰ ਦਾ ਸਾਰਾ ਧਿਆਨ ਵੱਡੇ ਕਾਰੋਬਾਰੀਆਂ ਅਤੇ ਉਦਯੋਗਪਤੀਆਂ ਵਲ ਹੈ। ਕਿਸਾਨਾਂ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਜਦੋਂ ਭਾਜਪਾ ਸੱਤਾ ਵਿਚ ਆਈ ਸੀ ਤਾਂ ਕੱਚੇ ਤੇਲ ਦੀਆਂ ਕੀਮਤਾਂ ਬਿਲਕੁਲ ਡਿੱਗ ਗਈਆਂ ਸੀ ਜਿਸ ਨਾਲ ਵੱਡਾ ਲਾਹਾ ਮਿਲਿਆ ਸੀ। ਪਰ ਉਹ ਲਾਹਾ ਕਿਥੇ ਖ਼ੁਰਦ-ਬੁਰਦ ਹੋ ਗਿਆ ਇਸ ਦੀ ਕੋਈ ਖ਼ਬਰ ਨਹੀਂ ਹੈ।

**ਸਵਾਲ : ਕਰਤਾਰਪੁਰ ਲਾਂਘਾ ਅਤੇ ਬਠਿੰਡਾ ਏਮਜ਼ ਦਾ ਕੰਮ ਕਿਥੇ ਪੁੱਜਾ ਹੈ ?**

**ਜਵਾਬ :** ਕਰਤਾਰਪੁਰ ਲਾਂਘੇ ਦਾ ਕੰਮ ਕੇਂਦਰ ਸਰਕਾਰ ਦੇ ਅਧਿਕਾਰ ਹੇਠ ਆਉਂਦਾ ਹੈ। ਇਸ ਮਾਮਲੇ ਵਿਚ ਪਾਕਿਸਤਾਨ ਵਲੋਂ ਤਾਂ ਤੇਜ਼ੀ ਵਿਖਾਈ ਜਾ ਰਹੀ ਹੈ ਪਰ ਭਾਰਤ ਵਲੋਂ ਉਸ ਤਰ੍ਹਾਂ ਦੀ ਤੇਜ਼ੀ ਦੀ ਅਣਹੋਂਦ ਹੈ। ਜੇਕਰ ਗੱਲ ਕੀਤੀ ਜਾਵੇ ਬਠਿੰਡਾ ਵਿਚ ਬਣ ਰਹੇ ਏਮਜ਼ ਦੀ ਤਾਂ ਉਸ ਵਿਚ ਕੋਈ ਅੜਚਨ ਨਹੀਂ ਹੈ।

**ਸਵਾਲ : ਕੀ ਲੋਕ ਸਭਾ ਦੇ ਅਖਾੜੇ ਵਿਚ ਤੁਹਾਡੀ ਪਤਨੀ ਜਾਂ ਬੇਟਾ ਨਿਤਰਨਗੇ ?**

**ਜਵਾਬ :** ਕਾਂਗਰਸ ਦੇ ਵਾਅਦੇ ਮੁਤਾਬਕ ਇਕ ਪਰਵਾਰ ਵਿਚੋਂ ਇਕ ਮੈਂਬਰ ਨੂੰ ਹੀ ਸੀਟ ਮਿਲੇਗੀ। ਜੇ ਅਸੀਂ ਵੀ ਇੰਝ ਹੀ ਕਰਨ ਲੱਗ ਜਾਈਏ ਤਾਂ ਅਕਾਲੀਆਂ ਤੇ ਸਾਡੇ ਵਿਚ ਕੋਈ ਫ਼ਰਕ ਨਹੀਂ ਰਹਿ ਜਾਵੇਗਾ।

**ਸਵਾਲ : ਕੇਂਦਰ ਦੀ ਮਦਦ ਤੋਂ ਬਿਨਾਂ ਪੰਜਾਬ ਦੇ ਪੱਲੇ ਕੀ ਹੈ ?**

**ਜਵਾਬ :** ਕੇਂਦਰ ਵਲੋਂ ਸੂਬਾ ਸਰਕਾਰ ਨੂੰ ਮਦਦ ਮਿਲੇ ਜਾਂ ਨਾ ਮਿਲੇ ਪਰ ਸੂਬਾ ਸਰਕਾਰ ਅਪਣੇ ਪੱਧਰ 'ਤੇ ਹੁਣ ਤੋਂ ਹੀ ਸਿਕਿੰਗ ਫ਼ੰਡ ਇਕੱਤਰ ਕਰਨਾ ਸ਼ੁਰੂ ਕਰ ਰਹੀ ਹੈ ਤਾਂ ਜੋ ਲੋੜ ਪੈਣ ਤੇ ਸੂਬਾ ਸਰਕਾਰ ਨੂੰ ਹੋਰਨਾਂ ਉਪਰ ਵੱਡੇ ਪੱਧਰ 'ਤੇ ਨਿਰਭਰ ਨਾ ਹੋਣਾ ਪਵੇ।

(ਇਹ ਮੁਕੰਮਲ ਇੰਟਰਵਿਊ 'ਸਪੋਕਸਮੈਨ ਵੈਬ ਟੀਵੀ' ਉਤੇ ਉਪਲਬਧ ਹੈ)

Youtube: spokesmantv.com
Facebook: rozana spokesman

## ਇਕ ਨਜ਼ਰ...

### ਨਾਲੇ ਦੀ ਸਫ਼ਾਈ ਦੌਰਾਨ ਮਿਲਿਆ ਬੰਬ

**ਫੱਤੂਢੀਂਗਾ, 6 ਫ਼ਰਵਰੀ (ਕੁਲਵਿੰਦਰ ਕਾਜਲ):** ਥਾਣਾ ਢਿੱਲਵਾਂ ਅਧੀਨ ਪੈਂਦ ਵਿਚ ਭੰਡਾਲ ਬੇਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਨੇੜੇ ਬੰਬ ਮਿਲਣ ਨਾਲ ਇਲਾਕੇ ਵਿਚ ਬੰਬ ਮਿਲਿਆ ਹੈ। ਪਿੰਡ ਦੇ ਸਰਪੰਚ ਸਰਬਣ ਸਿੰਘ ਅਨੁਸਾਰ ਸਰਕਾਰੀ ਸਕੂਲ ਦੇ ਕੋਲ ਜਦੋਂ ਮਨਰੇਗਾ ਵਰਕਰ ਨਾਲੇ ਦੀ ਸਫ਼ਾਈ ਕਰ ਰਹੇ ਸਨ ਤਾਂ ਅਚਾਨਕ ਉਨ੍ਹਾਂ ਨੂੰ ਬੰਬ ਮਿਲਿਆ ਅਤੇ ਇਸ ਦੀ ਜਾਣਕਾਰੀ ਤਰੁੰਤ ਜ਼ਿਲ੍ਹਾ ਪੁਲਿਸ ਮੁੱਖੀ ਨੂੰ ਦਿਤੀ ਗਈ ਤਾਂ ਮੌਕੇ ਸਥਿਤੀ ਦਾ ਜਾਇਜ਼ਾ ਲੈਣ ਐਸਪੀਡੀ ਸਤਨਾਮ ਸਿੰਘ ਬੈਸ, ਡੀਐਸਪੀ ਭੁਲੱਥ ਦਵਿੰਦਰ ਸਿੰਘ, ਥਾਣਾ ਢਿੱਲਵਾਂ ਦੇ ਏਐਸਆਈ ਕੇਵਲ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਤੇ ਪੂਰੀ ਸਥਿਤੀ ਦਾ ਜਾਇਜ਼ਾ ਲਿਆ। ਐਸਪੀਡੀ ਸਤਨਾਮ ਸਿੰਘ ਬੈਸ ਨੇ ਦਸਿਆ ਕਿ ਫ਼ੌਜ ਦੀ ਬੰਬ ਨਿਕਾਰਾ ਕਰਨ ਟੀਮ ਨੂੰ ਸੂਚਿਤ ਕਰ ਦਿਤਾ ਗਿਆ ਹੈ ਤੇ ਥਾਣਾ ਢਿੱਲਵਾਂ ਵਿਚ ਮਾਮਲਾ ਦਰਜ ਕਰ ਕੇ ਅਗਰੇਲੀ ਕਾਰਵਾਈ ਆਰੰਭ ਕਰ ਦਿਤੀ ਗਈ ਹੈ।



### ਹਰਵਿੰਦਰ ਸਿੰਘ ਹਰਪਾਲਪੁਰ ਦੀ ਵੀਡੀਉ ਕਾਨਫ਼ਰੰਸਿੰਗ ਰਾਹੀਂ ਹੋਈ ਪੇਸ਼ੀ

**ਪਟਿਆਲਾ, 6 ਫ਼ਰਵਰੀ (ਅਸ਼ੋਕ ਬਾਂਸਲ) :** ਪੰਜਾਬ ਖਾਦੀ ਬੋਰਡ ਦੇ ਸਾਬਕਾ ਸੀਨੀਅਰ ਵਾਈਸ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਨੂੰ ਅੱਜ ਫੇਰ ਵੀਡਿਊ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਕੇਂਦਰੀ ਜੇਲ ਪਟਿਆਲਾ ਵਿਚ ਬੰਦ ਹਰਪਾਲ ਨੂੰ ਰਾਜਪੁਰਾ ਵਿਖੇ ਪੇਸ਼ ਕੀਤ ਜਾਣ ਨੂੰ ਲੈ ਕੇ ਅੱਜ ਵੀ ਭਾਰੀ ਸੰਖਿਆ ਵਿਚ ਅਕਾਲੀ ਦਲ ਵਰਕਰ ਪਹੁੰਚੇ ਹੋਏ ਸਨ। ਪੁਲਿਸ ਨੇ ਉਸ ਸਥਿਤੀ ਨੂੰ ਦੇਖਦੇ ਹੋਏ ਫੇਰ ਤੋਂ ਹਰਪਾਲਪੁਰ ਨੂੰ ਵੀਡਿਊ ਕਾਨਫ਼ਰੰਸਿੰਗ ਰਾਹੀਂ ਹੀ ਉਨ੍ਹਾਂ ਨੂੰ ਅਦਾਲਤ ਦ ਸਾਹਮਣੇ ਪੇਸ਼ ਕਰ ਦਿਤਾ। ਜਿਥੇ ਅਦਾਲਤ ਨੇ ਅਗਲੀ ਸੁਣਵਾਈ 20 ਫ਼ਰਵਰੀ ਦੀ ਪਾ ਦਿਤੀ ਹੈ।

### ਨਹਿਰ 'ਚ ਡਿੱਗੀ ਔਰਤ ਦੀ ਗੋਤਾਖੋਰਾਂ ਵਲੋਂ ਤਲਾਸ਼ ਜਾਰੀ



**ਧਨੌਲਾ, 6 ਫ਼ਰਵਰੀ (ਵਿਕਰਮ ਸਿੰਘ ਧਨੌਲਾ) :** ਦਿਨ ਚੜ੍ਹਦੇ ਹੀ ਕੋਟਲਾ ਬ੍ਰਾਂਚ ਪਿੰਡ ਹਰੀਗੜ੍ਹ ਵਿਚੋਂ ਗੁਜ਼ਰਦੀ ਨਹਿਰ ਵਿਚ ਇਕ ਔਰਤ ਦੇ ਡਿੱਗ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਜਾ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਧਨੌਲਾ ਵਾਸੀ 60 ਸਾਲਾਂ ਔਰਤ ਕ੍ਰਿਸ਼ਨਾ ਦੇਵੀ ਪਹਿਲਾਂ ਦੀ ਤਰ੍ਹਾਂ ਨਹਿਰ ਉਪਰ ਮੱਛੀਆਂ ਨੂੰ ਆਟਾ ਵਗੈਰਾ ਪਾਉਣ ਗਏ ਸਨ, ਨਹਿਰ ਉਪਰ ਇਕੱਠੇ ਹੋਏ ਪ੍ਰਤੱਖ ਦਰਸੀਆਂ ਅਨੁਸਾਰ ਉਕਤ ਔਰਤ ਦਾ ਪੈਰ ਅਚਾਨਕ ਫਿਸਲਣ ਕਾਰਨ ਉਹ ਨਹਿਰ ਵਿਚ ਡਿੱਗ ਜਾਣ ਦਾ ਖ਼ਦਸਾ ਜਿਤਾਇਆ ਹੈ। ਜਿਨ੍ਹਾਂ ਦੀ ਤਲਾਸ਼ ਪਹਿਲਾਂ ਪਰਿਵਾਰਕ ਮੈਂਬਰਾਂ ਸਮੇਤ ਸਕੇ ਸਬੰਧੀ ਦੇ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਤੇ ਕੀਤੀ। ਇਸ ਉਪਰੰਤ ਬਾਹਰਲੀਆਂ ਥਾਵਾਂ ਤੋਂ ਵਿਸ਼ੇਸ਼ ਤੌਰ 'ਤੇ ਗੋਤਾਖੋਰਾਂ ਨੂੰ ਬੁਲਾ ਕੇ ਨਹਿਰ ਵਿਚ ਡਿੱਗੀ ਔਰਤ ਦੀ ਤਲਾਸ਼ ਲਈ ਅੱਜ ਸਵੇਰੇ 12 ਵਜੇ ਤੋਂ ਲੈ ਕੇ ਸ਼ਾਮ ਤਕ 6 ਵਜੇ ਤਕ ਤਲਾਸ਼ ਚਲਦੀ ਰਹੀ ਪ੍ਰੰਤੂ ਉਨ੍ਹਾਂ ਦਾ ਕੋਈ ਵੀ ਥਹੁ ਪਤਾ ਨਹੀਂ ਲੱਗ ਸਕਿਆ। ਉਧਰ ਥਾਣਾ ਧਨੌਲਾ ਦੇ ਮੁੱਖ ਮੁਨਸ਼ੀ ਨੇ ਦਸਿਆ ਕਿ ਔਰਤ ਦੇ ਨਹਿਰ ਵਿਚ ਡਿੱਗ ਜਾਣ ਸਬੰਧੀ ਉਨ੍ਹਾਂ ਕੋਲ ਕੋਈ ਵੀ ਰਿਪੋਰਟ ਨਹੀਂ ਆਈ, ਪ੍ਰੰਤੂ ਪਰਵਾਰ ਵਲੋਂ ਸਾਨੂੰ ਇਹ ਜਾਣਕਾਰੀ ਦਿਤੀ ਗਈ ਹੈ ਕਿ ਕ੍ਰਿਸ਼ਨਾ ਦੇਵੀ ਦੇ ਨਹਿਰ ਵਿਚ ਡਿੱਗ ਜਾਣ ਦਾ ਸਾਨੂੰ ਖ਼ਦਸਾ ਹੈ।


### ਰਿਸ਼ਵਤ ਲੈਂਦਾ ਏ.ਐਸ.ਆਈ. ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 6 ਫ਼ਰਵਰੀ (ਸਪੋਕਸਮੈਨ ਬਿਊਰੋ):** ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਐਂਟੀ ਫ਼ਰਾਡ ਸਟਾਫ਼, ਫ਼ਿਰੋਜ਼ਪੁਰ ਵਿਖੇ ਤਾਇਨਾਤ ਏ.ਐਸ.ਆਈ. ਕੁਲਵੰਤ ਚੰਦ ਨੂੰ 7,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦਸਿਆ ਕਿ ਉਕਤ ਏ.ਐਸ.ਆਈ ਨੂੰ ਸ਼ਿਕਾਇਤਕਰਤਾ ਸੁਖਵਿੰਦਰ ਸਿੰਘ ਵਾਸੀ ਪਿੰਡ ਬੇਰੀ ਕਾਦਰਾਬਾਦ, ਫ਼ਿਰੋਜ਼ਪੁਰ ਦੀ ਸ਼ਿਕਾਇਤ 'ਤੇ ਫੜਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਅਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਉਸ ਵਿਰੁਧ ਦਿਤੀ ਦਰਖ਼ਾਸਤ 'ਤੇ ਕਾਰਵਾਈ ਨਾ ਕਰਨ ਅਤੇ ਕੇਸ ਉਸ ਦੇ ਹੱਕ ਵਿਚ ਕਰਨ ਬਾਦਲੇ ਏ.ਐਸ.ਆਈ ਵਲੋਂ 15,000 ਰੁਪਏ ਦੀ ਮੰਗ ਕੀਤੀ ਗਈ ਹੈ ਅਤੇ ਸੌਦਾ 12,000 ਰੁਪਏ ਵਿਚ ਤੈਅ ਹੋਇਆ ਹੈ ਅਤੇ ਉਸ ਵਲੋਂ 5,000 ਰੁਪਏ ਪਹਿਲੀ ਕਿਸ਼ਤ ਦੇ ਵਜੋਂ ਅਦਾ ਕੀਤੇ ਜਾ ਚੁਕੇ ਹਨ। ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਏ.ਐਸ.ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਦੂਸਰੀ ਕਿਸ਼ਤ ਦੇ 7,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਦਬੋਚ ਲਿਆ। ਉਨ੍ਹਾਂ ਦਸਿਆ ਕਿ ਦੋਸ਼ੀ ਵਿਰੁਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫ਼ਿਰੋਜ਼ਪੁਰ ਵਿਚ ਮੁੱਕਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਦਿਤੀ ਹੈ।

## ਕੈਨੇਡਾ ਦੇ ਪੀ.ਆਰ. ਨਾਲ ਝੂਠਾ ਵਿਆਹ ਰਚਾ ਕੇ, ਪੰਜਾਬਣ ਨੇ ਲੁੱਟੇ ਲੱਖਾਂ ਰੁਪਏ

**ਨਵਾਂ ਸ਼ਹਿਰ, 6 ਫ਼ਰਵਰੀ (ਸਪੋਕਸਮੈਨ ਬਿਊਰੋ) :** ਹੁਣ ਤੱਕ ਐਨ.ਆਰਆਈ ਲਾੜਿਆਂ ਵਲੋਂ ਔਰਤਾਂ ਨਾਲ ਵਿਆਹ ਕਰਾਉਣ ਦੇ ਨਾਂ 'ਤੇ ਠੱਗਣ ਦੇ ਮਾਮਲੇ ਸਾਹਮਣੇ ਆਉਂਦੇ ਰਹੇ ਹਨ, ਪਰ ਇੱਥੇ ਇਸ ਦੇ ਉਲਟ ਅਲੱਗ ਹੀ ਮਾਮਲਾ ਸਾਹਮਣੇ ਆਇਆ ਹੈ। ਔਰਤ ਨੇ ਵਿਆਹ ਕਰਾਉਣ ਦੇ ਨਾਂ 'ਤੇ ਇਕ ਐਨਆਰਆਈ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ। ਔਰਤ ਨੇ ਮੰਗਣੀ ਤੋਂ ਬਾਅਦ ਤੋਹਫ਼ੇ ਦੇ ਨਾਂ 'ਤੇ ਹੋਣ ਵਾਲੇ ਲਾੜੇ ਕੋਲੋਂ ਲੱਖਾਂ ਰੁਪਏ ਦੀ ਨਕਦੀ ਅਤੇ ਗਹਿਣੇ ਲੈ ਲਏ। ਇਸੇ ਦੌਰਾਨ ਉਸ ਨੇ ਪੰਜਾਬ ਵਿਚ ਹੀ ਕਿਸੇ ਹੋਰ ਨਾਲ ਵਿਆਹ ਕਰਵਾ ਲਿਆ। ਬਾਅਦ ਵਿਚ ਔਰਤ ਦਾ ਰਾਜ਼ ਖੁੱਲ੍ਹਿਆ ਤਾਂ ਐਨਆਰਆਈ ਵਿਅਕਤੀ ਦੇ ਹੋਸ਼ ਉਡ ਗਏ।

ਨਵਾਂ ਸ਼ਹਿਰ ਦੀ ਇਸ ਮਹਿਲਾ ਨੇ ਕੈਨੇਡਾ ਦੇ ਐਨਆਰਆਈ ਨਾਲ ਵਿਆਹ ਕਰਨ ਦੀ ਗੱਲ ਕੀਤੀ ਅਤੇ ਮੰਗਣੀ ਵੀ ਕਰ ਲਈ। ਇਸ ਤੋਂ ਬਾਅਦ ਉਸ ਨੇ ਐਨਆਰਆਈ ਕੋਲੋਂ ਕਾਫ਼ੀ ਗਹਿਣੇ ਲੈ ਲਏ ਅਤੇ ਰੁਪਏ ਮੰਗਵਾਉਂਦੀ ਰਹੀ। ਬਾਅਦ ਵਿਚ ਮਹਿਲਾ ਨੇ ਦੂਜੇ ਵਿਅਕਤੀ ਨਾਲ ਵਿਆਹ ਕਰਵਾ ਲਿਆ। ਮਹਿਲਾ ਦੇ ਵਿਆਹ ਤੋਂ ਅਣਜਾਣ ਐਨਆਰਆਈ ਉਸ ਨੂੰ ਕੈਨੇਡਾ ਤੋਂ ਰੁਪਏ ਭੇਜਦਾ ਰਿਹਾ। ਐਨਆਰਆਈ ਨੂੰ ਜਦ ਅਪਣੇ ਨਾਲ ਹੋਈ ਠੱਗੀ ਬਾਰੇ ਵਿਚ ਪਤਾ ਚਲਿਆ ਤਾਂ ਉਸ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਉਕਤ ਮਹਿਲਾ ਵਿਰੁਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।




ਜਾਣਕਾਰੀ ਮੁਤਾਬਕ ਕੈਨੇਡਾ ਵਿਚ ਰਹਿ ਰਹੇ ਨਿਰਮਲ ਸੈਣੀ ਨੇ ਏਡੀਜੀਪੀ ਨੂੰ ਦਿਤੀ ਸ਼ਿਕਾਇਤ ਵਿਚ ਕਿਹਾ ਕਿ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਇਲਾਕੇ ਦਾ ਰਹਿਣ ਵਾਲਾ ਹੈ। ਪਤਨੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਾਉਣ ਦੇ ਲਈ ਉਸ ਨੇ ਅਪਣੇ ਬੱਚਿਆਂ ਕੋਲੋਂ ਰਜ਼ਾਮੰਦੀ ਲੈ ਲਈ ਸੀ। ਰਾਹੋਂ ਇਲਾਕੇ ਦੇ ਅਟਾਰੀ ਪਿੰਡ ਵਿਚ ਰਹਿਣ ਵਾਲ ਉਸ ਦੇ ਦੋਸਤ ਸਤਵਿੰਦਰ ਸਿੰਘ ਨੇ ਪਿੰਡ ਕੁਲਾਮ ਨਿਵਾਸੀ ਇਕ ਮਹਿਲਾ ਨਾਲ ਮਿਲਵਾਇਆ, ਉਹ ਤਲਾਕਸ਼ੁਦਾ ਸੀ ਤੇ ਦੂਜਾ ਵਿਆਹ ਕਰਨਾ ਚਾਹੁੰਦੀ ਸੀ।

ਉਸ ਨੇ ਦਸਿਆ ਕਿ 9 ਦਸੰਬਰ 2017 ਨੂੰ ਦੋਵੇਂ ਧਿਰਾਂ ਦੇ ਰਿਸ਼ਤੇਦਾਰਾਂ ਦੀ ਮੌਜੂਦਗੀ ਵਿਚ ਨਵਾਂ ਸ਼ਹਿਰ ਦੇ ਪੈਰਿਸ ਹੋਟਲ ਵਿਚ ਰਿੰਗ ਸੈਰੇਮਨੀ ਹੋਈ। ਰਿੰਗ ਸੈਰੇਮਨੀ ਦੇ ਕੁਝ ਦਿਨਾਂ ਬਾਅਦ ਨਿਰਮਲ ਵਾਪਸ ਕੈਨੇਡਾ ਚਲਾ ਗਿਆ। ਇਸ ਤੋਂ ਬਾਅਦ ਦੋਵਾਂ ਵਿਚ ਅਕਸਰ ਦਿਨ ਵਿਚ ਤਿੰਨ-ਚਾਰ ਵਾਰ ਗੱਲ ਹੁੰਦੀ ਸੀ।

ਸ਼ਿਕਾਇਤ ਅਨੁਸਾਰ ਮਹਿਲਾ ਨੇ ਚਲਾਕੀ ਨਾਲ ਨਿਰਮਲ ਨੂੰ ਝਾਂਸਾ ਦੇ ਕੇ ਸੋਨੇ ਦਾ ਹਾਰ, ਤਿੰਨ ਸੋਨੇ ਦੀ ਅੰਗੂਠੀਆਂ, ਇੱਕ ਐਕਟਿਵਾ ਸਕੂਟਰ, ਇੱਕ ਐਪਲ ਦਾ ਫ਼ੋਨ, ਇੱਕ ਕੈਨਨ ਦਾ ਕੈਮਰਾ, ਇਸ ਤੋਂ ਇਲਾਵਾ ਕਰੀਬ ਅੱਠ ਮਹੀਨਿਆਂ ਵਿਚ ਪੰਜ ਲੱਖ ਰੁਪਏ ਮੰਗਵਾ ਲਏ। ਪੁਲਿਸ ਦੁਆਰਾ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਕਿ ਮਹਿਲਾ ਨੇ ਕਪੂਰਥਲਾ ਦੇ ਪਿੰਡ ਚਹੇੜੂ ਵਿਚ ਇੱਕ ਵਿਅਕਤੀ ਕੋਲੋਂ 11 ਅਕਤੂਬਰ 2018 ਨੂੰ ਵਿਆਹ ਕਰ ਲਿਆ ਸੀ। ਹੁਣ ਉਹ ਉਥੇ ਰਹਿ ਰਹੀ ਹੈ। ਪੁਲਿਸ ਨੇ ਜਾਂਚ ਵਿਚ ਦੋਸ਼ਾਂ ਨੂੰ ਸਹੀ ਪਾਏ ਜਾਣ ਤੋਂ ਬਾਅਦ ਮਹਿਲਾ ਵਿਰੁਧ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ।

## ਭਾਜਪਾ ਨਾਲ ਬਾਦਲਾਂ ਦੀ ਸਾਂਝ ਸਿੱਖ ਕੌਮ ਲਈ ਘਾਤਕ : ਮਾਨ

**ਨਵਾਂਸ਼ਹਿਰ, 6 ਫ਼ਰਵਰੀ (ਚੇਤ ਰਾਮ ਰਤਨ) :** ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਸਿੱਖ ਗੁਰੂਆਂ ਦੇ ਮਾਰਗ 'ਤੇ ਚਲਦਿਆਂ ਦਿਤੀ ਸ਼ਹਾਦਤ ਸਿੱਖ ਕੌਮ ਲਈ ਨਵੀਂ ਚੇਤਨਾ ਪੈਦਾ ਕੀਤੀ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੇ। ਉਨ੍ਹਾਂ ਕਿਹਾ ਕਿ ਸੰਤਾਂ ਦਾ 72ਵਾਂ ਜਨਮਦਿਨ ਫ਼ਤਿਹਗੜ੍ਹ ਦੀ ਧਰਤੀ 'ਤੇ ਮਨਾਇਆ ਜਾ ਰਿਹਾ ਹੈ। ਜਿਥੇ ਸਮੁੱਚੀ ਸਿੱਖ ਕੌਮ ਨੂੰ ਪੁੱਜਣ ਦੀ ਅਪੀਲ ਕੀਤੀ। ਉਸ ਦਿਨ ਸਰਕਾਰਾਂ, ਸਿੱਖ ਕੌਮ ਅਤੇ ਲੋਕਜਾ ਵਿਚ ਖ਼ਾਲਿਸਤਾਨ ਰਾਜ ਬਾਰੇ ਭੁਲੇਖਿਆਂ ਨੂੰ ਦੂਰ ਕਰਦਿਆਂ ਖ਼ਾਲਿਸਤਾਨ ਦਾ ਐਲਾਨਾਮਾ ਜਾਰੀ ਕੀਤਾ ਜਾਵੇਗਾ।



ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਦੀ ਭਾਜਪਾ ਨਾਲ ਸਾਂਝ ਸਿੱਖ ਕੌਮ ਲਈ ਘਾਤਕ ਸਿੱਧ ਹੋ ਰਹੀ ਹੈ। ਕਾਂਗਰਸ ਦੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਮੱਖ ਮੰਤਰੀ ਨੇ ਲੋਕਾ ਨਾਲ ਚੋਣ ਵਾਅਦੇ ਨੌਕਰੀਆਂ, ਮੋਬਾਈਲ ਫ਼ੋਨ, ਗ਼ਰੀਬ ਕਿਸਾਨ ਲਈ ਕਰਜ਼ਾ ਮਾਫ਼ੀ ਅਨੇਕਾਂ ਵਾਅਦਿਆਂ ਨੂੰ ਲਟਕਾਇਆ ਜਾ ਰਿਹਾ ਹੈ। ਮਾਨ ਨੇ ਕੇਂਦਰ ਦੀ ਸਰਕਾਰ ਵਲੋਂ ਪੇਸ਼ ਕੀਤੇ ਬਜਟ ਕਿਸਾਨਾਂ, ਗ਼ਰੀਬਾਂ ਤੇ ਨੌਜਵਾਨਾਂ ਦੇ ਬੇਰੁਜ਼ਗਾਰ ਦੀ ਗਰੰਟੀ ਅਤੇ ਪੰਜਾਬ ਵਿਰੋਧੀ ਕਰਾਰ ਦਿਤਾ। ਸਿਮਰਨਜੀਤ ਸਿੰਘ ਮਾਨ ਨੂੰ ਭਰੋਸਾ ਦਿਤਾ ਕਿ 12 ਫ਼ਰਵਰੀ ਨੂੰ ਕਪੂਰਥਲਾ ਤੇ ਨਵਾਂਸ਼ਹਿਰ ਜ਼ਿਲ੍ਹੇ ਵਿਚ ਫ਼ਤਿਹਗੜ੍ਹ ਸਾਹਿਬ ਨੂੰ ਗੱਡੀਆਂ ਦੇ ਕਾਫ਼ਲੇ ਜਾਵੇਗਾ।

## ਸਰਵਨ ਸਿੰਘ ਫਿਲੌਰ ਜਲੰਧਰ ਤੇ ਹੁਸ਼ਿਆਰਪੁਰ ਤੋਂ ਕਾਂਗਰਸ ਦੀ ਟਿਕਟ ਦੇ ਚਾਹਵਾਨ

**ਚੰਡੀਗੜ੍ਹ, 6 ਫ਼ਰਵਰੀ (ਸਪੋਕਸਮੈਨ ਬਿਊਰੋ) :** ਸਰਦਾਰ ਸਰਵਨ ਸਿੰਘ ਫਿਲੌਰ ਨੇ ਅੱਜ ਜਲੰਧਰ ਅਤੇ ਹੁਸ਼ਿਆਰਪੁਰ ਸੰਸਦੀ ਖੇਤਰਾਂ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਲਈ ਅਪਣਾ ਆਵੇਦਨ ਕੀਤਾ ਹੈ।



ਉਨ੍ਹਾਂ ਨੂੰ ਕਾਂਗਰਸ ਪਾਰਟੀ ਲਈ ਇਕ ਠੀਕ ਬਦਲ ਮੰਨਿਆ ਜਾ ਰਿਹਾ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਖ਼ਾਸ ਤੌਰ ਤੇ ਦੋਆਬਾ ਖੇਤਰ ਵਿਚ ਅਪਣਾ ਭਰੋਸਾ ਗਵਾ ਦਿਤਾ ਹੈ। ਜਿਥੇ ਸ਼੍ਰੋਮਣੀ ਅਕਾਲੀ ਦਲ ਨੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰ ਕੇ ਅਪਣੀ ਸ਼ਾਖ ਨੂੰ ਵੱਟਾ ਲਗਾਇਆ ਹੈ, ਉਥੇ ਆਪ ਦੇ ਕੇਜਰੀਵਾਲ ਨੇ ਵੀ ਅਪਣੇ ਬਿਆਨਾਂ ਨੂੰ ਲੈ ਕੇ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠਿਆ ਤੋਂ ਮਾਫ਼ੀ ਮੰਗ ਕੇ ਅਪਣੀ ਪਾਰਟੀ ਨਾਲ ਲੋਕਾਂ ਦਾ ਮੋਹ ਖ਼ਤਮ ਕਰ ਦਿਤਾ ਗਿਆ। ਅਜਿਹੇ ਵਿਚ ਸਰਦਾਰ ਸਰਵਨ ਸਿੰਘ ਫਿਲੌਰ ਅਪਣੇ ਚਾਲੀ ਸਾਲਾਂ ਲੰਮੇਂ ਸਿਆਸੀ ਜੀਵਨ ਨੂੰ ਲੈ ਕੇ ਖਿਲਰੇ ਹੋਏ ਵੋਟਰਾਂ ਨੂੰ ਕਾਂਗਰਸ ਵਲ ਖਿਚ ਸਕਦੇ ਹਨ।

ਦਸਣਯੋਗ ਹੈ ਕਿ ਸਰਦਾਰ ਸਰਵਨ ਸਿੰਘ ਫਿਲੌਰ ਦਾ ਪੰਜਾਬ ਦੇ ਬੰਗਿਆਂ ਅਤੇ ਨਵਾਂ ਸ਼ਹਿਰ ਸ਼ਹਿਰਾਂ ਵਿਚ ਵੀ ਚੰਗਾ ਦਬਦਬਾ ਹੈ ਜਿਸ ਕਾਰਨ ਕਾਂਗਰਸ ਪਾਰਟੀ ਨੂੰ ਸ੍ਰੀ ਆਨੰਦਪੁਰ ਸਾਹਿਬ ਚੋਣ ਖੇਤਰ ਤੋਂ ਵੀ ਜਿੱਤ ਹਾਸਲ ਕਰਨ ਵਿਚ ਮਦਦ ਮਿਲ ਸਕਦੀ ਹੈ।

ਪੰਜਾਬ ਦਾ ਦੋਆਬਾ ਖੇਤਰ ਕਾਂਗਰਸ ਪਾਰਟੀ ਲਈ ਕਾਫ਼ੀ ਮਹੱਤਵ ਰਖਦਾ ਹੈ, ਕਿਉਂਕਿ ਪਹਿਲਾਂ ਇਸ ਇਲਾਕੇ ਵਿਚ ਕਾਂਗਰਸ ਮਜ਼ਬੂਤ ਹੁੰਦੀ ਸੀ। ਲੇਕਿਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਜਲੰਧਰ ਵਿਚ ਚਾਰ ਅਤੇ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਕੇਵਲ ਦੋ ਹੀ ਸੀਟਾਂ ਮਿਲੀਆਂ ਜਦਕਿ ਅਕਾਲੀ- ਭਾਜਪਾ ਗਠਜੋੜ ਨੇ ਪੂਰੇ ਪੰਜਾਬ ਵਿਚ ਸਿਰਫ਼ 14 ਸੀਟਾਂ ਹਾਸਲ ਕੀਤੀਆਂ ਸਨ।

ਸਰਵਨ ਸਿੰਘ ਫਿਲੌਰ ਦੋਆਬਾ ਖੇਤਰ ਵਿਚ ਕਾਂਗਰਸ ਦਾ ਸੱਭ ਤੋਂ ਮਜ਼ਬੂਤ ਦਲਿਤ ਚਿਹਰਾ ਬਣ ਕੇ ਉਭਰ ਸਕਦੇ ਹਨ। ਇਸ ਖੇਤਰ ਵਿਚ ਇਨ੍ਹਾਂ ਦੀ ਮਜ਼ਬੂਤ ਸਥਿਤੀ ਨੂੰ ਵੇਖਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਛੱਡ ਕੇ 2016 ਵਿਚ ਕਾਂਗਰਸ ਵਿਚ ਸ਼ਾਮਲ ਹੋਣ ਲਈ ਰਾਜੀ ਕੀਤਾ ਸੀ।


ਫ਼ੋਰਟਿਸ ਮਲਾਰ ਹੋਸਪਿਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ: L85110PB1989PLC045948
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062
ਟੈਲੀ. : +91-172-5096001; ਫ਼ੈਕਸ : +91-172-5096002
ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

31 ਦਸੰਬਰ, 2017 ਨੂੰ ਖ਼ਤਮ ਤਿਮਾਹੀ ਤੇ ਨਿਮਾਹੀ ਲਈ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾ)

| ਵੇਰਵੇ | 31 ਦਸੰਬਰ, 2018 ਨੂੰ ਖ਼ਤਮ ਤਿਮਾਹੀ (ਅਣਪੜਤਾਲੇ) | 31 ਦਸੰਬਰ, 2018 ਨੂੰ ਖ਼ਤਮ ਨਿਮਾਹੀ (ਅਣਪੜਤਾਲੇ) | 31 ਦਸੰਬਰ, 2017 ਨੂੰ ਖ਼ਤਮ ਤਿਮਾਹੀ (ਅਣਪੜਤਾਲੇ) | 31 ਮਾਰਚ, 2018 ਨੂੰ ਖ਼ਤਮ ਸਾਲ (ਪੜਤਾਲੇ) |
|---|---|---|---|---|
| ਕਾਰਵਾਈਆਂ ਤੋਂ ਆਮਦਨ | 3,873.16 | 10,944.05 | 3,770.25 | 14,919.27 |
| ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ) | 233.49 | 178.63 | 134.94 | 530.99 |
| ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ) | 233.49 | 178.63 | 134.94 | 530.99 |
| ਸ਼ੁੱਧ ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ) | 160.55 | 128.20 | 90.33 | 314.12 |
| ਕੁਲ ਵਿਆਪਕ (ਹਾਨੀ)/ਆਮਦਨ ਸਮੇਂ ਲਈ [ਸਮੇਂ ਲਈ ਲਾਭ ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)] | 150.19 | 136.05 | 100.20 | 326.42 |
| ਅਦਾ ਕੀਤੀ ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ) | 1,875.70 | 1,875.70 | 1,869.95 | 1,869.95 |
| ਹੋਰ ਇਕੁਇਟੀ | | | | 8,289.62 |
| ਸ਼ੇਅਰ ਅਨੁਸਾਰ ਕਮਾਈ (ਚਾਲੂ ਅਤੇ ਨਾ ਚਾਲੂ ਅਪ੍ਰੇਸ਼ਨਾਂ ਲਈ) (ਫੇਸ ਵੈਲਯੂ ਦਾ 10 ਰੁ. ਹਰੇਕ ਲਈ 10) | | | | |
| (ੳ) ਬੇਸਿਕ | 0.86 | 0.68 | 0.48 | 1.68 |
| (ਅ) ਡਾਈਲਿਊਟਡ | 0.85 | 0.68 | 0.48 | 1.67 |
| | (ਸਾਲਾਨਾ ਨਹੀਂ) | (ਸਾਲਾਨਾ ਨਹੀਂ) | (ਸਾਲਾਨਾ ਨਹੀਂ) | (ਸਾਲਾਨਾ) |

ਨੋਟ:
1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੂ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) 'ਤੇ ਅਤੇ ਕੰਪਨੀ ਦੀ ਵੈੱਬਸਾਈਟ (www.fortismalar.com) 'ਤੇ ਮੌਜੂਦ ਹੈ।

ਫ਼ੋਰਟਿਸ ਮਲਾਰ ਹੋਸਪੀਟਲਜ਼ ਲਿਮਟਿਡ
ਲਈ ਅਤੇ ਵਲੋਂ ਬੋਰਡ ਆਫ਼ ਡਾਇਰੈਕਟਰਜ਼
ਦਲਜੀਤ ਸਿੰਘ
ਚੇਅਰਮੈਨ
ਡੀ.ਆਈ.ਐਨ. ਨੰ. : 00135414

ਸਥਾਨ : ਚੇਨਈ
ਮਿਤੀ : 6 ਫ਼ਰਵਰੀ, 2019